# College Bound ਨੂੰ ਕਿਵੇਂ ਐਕਸੈਸ ਕਰਨਾ ਹੈ

ਜਦੋਂ ਹੀ ਤੁਸੀਂ ਹਾਈ ਸਕੂਲ ਪੂਰਾ ਕਰਦੇ ਹੋ, ਤਾਂ College Bound ਦੀ ਵਚਨਬੱਧਤਾ ਨੂੰ ਸਮਝਣਾ ਮਹੱਤਵਪੂਰਨ ਹੁੰਦਾ ਹੈ ਅਤੇ ਇਹ ਵੀ ਤੁਹਾਨੂੰ ਇਹ ਕਿਉਂ ਮਿਲ ਸਕਦੀ ਹੈ ਜਾਂ ਨਹੀਂ ਵੀ।' ਜੇਕਰ ਤੁਸੀਂ ਯੋਗ ਹੋ ਤਾਂ ਇਹ ਪ੍ਰੋਗਰਾਮ ਹਾਈ ਸਕੂਲ ਤੋਂ ਬਾਅਦ ਤੁਹਾਡੀ ਪੜ੍ਹਾਈ ਦੇ ਖਰਚੇ ਦਾ ਭੁਗਤਾਨ ਕਰਨ ਵਿੱਚ ਮਦਦ ਕਰ ਸਕਦਾ ਹੈ।

## ਤੁਸੀਂ ਕਿੰਨਾ ਕੁ ਪ੍ਰਾਪਤ ਕਰੋਗੇ?

- ਇਹ ਕੁਝ ਚੀਜ਼ਾਂ 'ਤੇ ਨਿਰਭਰ ਕਰਦਾ ਹੈ: 1. ਤੁਹਾਡੀ ਵਿੱਤੀ ਸਹਾਇਤਾ ਅਰਜ਼ੀ (FAFSA ਜਾਂ WASFA) 'ਤੇ ਰਿਪੋਰਟ ਕੀਤੀ ਆਮਦਨ; 2. ਕਾਲਜ ਜਾਂ ਕਰੀਅਰ ਦੀ ਸਿਖਲਾਈ ਦੀ ਕਿਸਮ ਜੋ ਤੁਸੀਂ ਚੁਣਦੇ ਹੋ; ਅਤੇ 3. ਤੁਹਾਡੀ ਦਾਖਲਾ ਸਥਿਤੀ (ਫੁਲ- ਜਾਂ ਪਾਰਟ-ਟਾਈਮ)।
- ਇਹ ਅਵਾਰਡ ਔਸਤ ਟਿਊਸ਼ਨ (ਪਬਲਿਕ ਕਾਲਜ ਦਰਾਂ 'ਤੇ), ਕੁਝ ਫੀਸਾਂ, ਅਤੇ ਕਿਤਾਬਾਂ ਲਈ ਥੋੜ੍ਹੀ ਜਿਹੀ ਰਕਮ 'ਤੇ ਆਧਾਰਿਤ ਹੁੰਦਾ ਹੈ।
- ਤੁਹਾਨੂੰ ਇੱਕ ਛੋਟਾ College Bound ਅਵਾਰਡ ਮਿਲ ਸਕਦਾ ਹੈ, ਜਾਂ ਸ਼ਾਇਦ ਕੋਈ ਅਵਾਰਡ ਨਾ ਮਿਲੇ, ਜੇਕਰ ਤੁਹਾਡੀ ਜ਼ਿਆਦਾਤਰ ਜਾਂ ਸਾਰੀ ਯੋਗ ਫੰਡਿੰਗ Washington College Grant (WA Grant) ਵਰਗੀ ਹੋਰ ਰਾਜ ਦੀ ਵਿੱਤੀ ਸਹਾਇਤਾ ਤੋਂ ਆਉਂਦੀ ਹੈ।
- ਜਦੋਂ ਕਿ ਰਾਜ ਤੋਂ ਵਿੱਤੀ ਸਹਾਇਤਾ ਕਾਲਜ ਦੀਆਂ ਸਾਰੀਆਂ ਲਾਗਤਾਂ ਨੂੰ ਕਵਰ ਨਹੀਂ ਕਰ ਸਕਦੀ, ਪਰ ਤੁਹਾਨੂੰ ਰਾਜ ਤੋਂ ਉਹ ਸਾਰੀ ਵਿੱਤੀ ਸਹਾਇਤਾ ਪ੍ਰਾਪਤ ਹੋਵੇਗੀ ਜਿਸ ਲਈ ਤੁਸੀਂ ਯੋਗ ਹੋ। ਹੋਰ ਕਿਸਮਾਂ ਦੀ ਵਿੱਤੀ ਸਹਾਇਤਾ, ਜਿਵੇਂ ਕਿ Pell Grants, ਕੰਮ ਨਾਲ ਪੜ੍ਹਾਈ, ਕਰਜ਼ੇ, ਅਤੇ ਸਕਾਲਰਸ਼ਿਪਾਂ ਹੋਰ ਖਰਚਿਆਂ ਵਿੱਚ ਮਦਦ ਕਰ ਸਕਦੇ ਹਨ।

## ਆਪਣੇ College Bound ਫੰਡਾਂ ਨੂੰ ਐਕਸੈਸ ਕਰਨ ਲਈ ਇਹਨਾਂ ਕਦਮਾਂ ਦੀ ਪਾਲਣਾ ਕਰੋ:

### ਤੁਹਾਨੂੰ ਕੀ ਕਰਨ ਦੀ ਲੋੜ ਹੈ:

- College Bound Pledge ਦੀਆਂ ਜ਼ਰੂਰਤਾਂ ਨੂੰ ਪੂਰਾ ਕਰੋ।
- ਹਾਈ ਸਕੂਲ ਦੇ ਆਪਣੇ ਸੀਨੀਅਰ ਸਾਲ ਅਤੇ ਹਰ ਉਸ ਸਾਲ ਵਿੱਚ FAFSA ਜਾਂ WASFA ਨੂੰ ਪੂਰਾ ਕਰੋ ਜਦੋਂ ਤੁਸੀਂ ਆਪਣੀ ਸਿੱਖਿਆ ਜਾਰੀ ਰੱਖਦੇ ਹੋ। **ਨੋਟ:** ਹਰੇਕ ਸਕੂਲ ਦੀਆਂ ਆਪਣੀਆਂ ਵਿੱਤੀ ਸਹਾਇਤਾ ਦੀਆਂ ਸਮਾਂ-ਸੀਮਾਵਾਂ ਹੁੰਦੀਆਂ ਹਨ ਜਿਨ੍ਹਾਂ ਦੀ ਤੁਹਾਨੂੰ ਪਾਲਣਾ ਕਰਨੀ ਜ਼ਰੂਰੀ ਹੁੰਦੀ ਹੈ।
- ਹਾਈ ਸਕੂਲ ਤੋਂ ਗ੍ਰੈਜੂਏਟ ਹੋਣ ਦੇ ਇੱਕ ਸਾਲ ਦੇ ਅੰਦਰ ਕਿਸੇ ਕਾਲਜ ਵਿੱਚ ਦਾਖਲਾ ਲਓ।
- ਵਾਸ਼ਿੰਗਟਨ ਵਿੱਚ 65 ਤੋਂ ਵੱਧ ਯੋਗ ਸਕੂਲਾਂ ਵਿੱਚੋਂ ਇੱਕ ਵਿੱਚ ਦਾਖਲਾ ਲਓ।

### College Bound ਸਟਾਫ ਕੀ ਕਰੇਗਾ:

- ਤੁਹਾਡੀ ਵਿੱਤੀ ਸਹਾਇਤਾ ਦੀ ਅਰਜ਼ੀ ਦਾ ਆਪਣੀ College Bound ਐਪਲੀਕੇਸ਼ਨ ਨਾਲ ਮਿਲਾਨ ਕਰੇਗਾ।
- ਤੁਹਾਡੀ FAFSA ਜਾਂ WASFA 'ਤੇ ਸੂਚੀਬੱਧ ਕਾਲਜਾਂ ਲਈ College Bound ਵਿਦਿਆਰਥੀ ਵਜੋਂ ਤੁਹਾਡੀ ਪਛਾਣ ਕਰੇਗਾ।

**ਆਪਣੇ ਵਿੱਤੀ ਸਹਾਇਤਾ ਅਵਾਰਡ, ਯੋਗਤਾ, ਜਾਂ ਪ੍ਰਕਿਰਿਆ ਵਿੱਚ ਮਦਦ ਲਈ, ਆਪਣੇ ਕਾਲਜ ਦੇ ਵਿੱਤੀ ਸਹਾਇਤਾ ਦਫ਼ਤਰ ਨਾਲ ਸੰਪਰਕ ਕਰੋ।**

### ਤੁਹਾਡਾ ਕਾਲਜ ਕੀ ਕਰੇਗਾ:

- ਇਹ ਨਿਰਧਾਰਤ ਕਰੇਗਾ ਕਿ ਕੀ ਤੁਹਾਡੀ ਆਮਦਨ ਹਰ ਸਾਲ ਤੁਹਾਡੀ FAFSA ਜਾਂ WASFA ਜਾਣਕਾਰੀ ਦੇ ਆਧਾਰ 'ਤੇ ਯੋਗਤਾ ਲੋੜਾਂ ਨੂੰ ਪੂਰਾ ਕਰਦੀ ਹੈ।
- ਤੁਹਾਡੀ ਵਿੱਤੀ ਸਹਾਇਤਾ ਦਾ ਹਿਸਾਬ ਲਗਾਏਗਾ ਅਤੇ ਤੁਹਾਨੂੰ ਇਹ ਦਿਖਾਉਂਦੀ ਹੋਈ ਇੱਕ ਅਵਾਰਡ ਪੇਸ਼ਕਸ਼ ਭੇਜੇਗਾ ਕਿ ਤੁਹਾਨੂੰ ਕਿੰਨੀ ਵਿੱਤੀ ਸਹਾਇਤਾ ਪ੍ਰਾਪਤ ਹੋਵੇਗੀ। ਇਹ ਜਾਣਨ ਲਈ ਉਹਨਾਂ ਨਾਲ ਸੰਪਰਕ ਕਰੋ ਕਿ ਤੁਹਾਨੂੰ ਕਿਵੇਂ ਅਤੇ ਕਦੋਂ ਸੂਚਿਤ ਕੀਤਾ ਜਾਵੇਗਾ।
- ਜੇਕਰ ਤੁਸੀਂ ਯੋਗ ਹੋ ਤਾਂ WA Grant ਅਤੇ College Bound ਫੰਡਾਂ ਸਮੇਤ, ਤੁਹਾਨੂੰ ਤੁਹਾਡੀ ਵਿੱਤੀ ਸਹਾਇਤਾ ਵੰਡੇਗਾ।

## ਕੋਈ ਸਵਾਲ ਹਨ?

ਇਹ ਪੁਸ਼ਟੀ ਕਰਨ ਲਈ ਕਿ ਕੀ ਤੁਸੀਂ ਸਾਡੇ ਪ੍ਰੋਗਰਾਮ ਵਿੱਚ ਦਾਖਲ ਹੋ, College Bound ਪ੍ਰੋਗਰਾਮ ਨਾਲ ਸੰਪਰਕ ਕਰੋ:

**ਈਮੇਲ:** collegebound@wsac.wa.gov.

**ਫ਼ੋਨ:** 888-535-0747, ਵਿਕਲਪ 1.

College Bound ਬਾਰੇ ਹੋਰ ਜਾਣੋ: collegebound.wa.gov.

wsac.wa.gov/actionplan 'ਤੇ ਆਪਣੇ ਭਵਿੱਖ ਦੀ ਯੋਜਨਾ ਬਣਾਉਣ ਬਾਰੇ ਹੋਰ ਜਾਣੋ।

Washington Student Achievement Council

College Bound Washington